GCSE
# PANJABI

H

Higher Tier Paper 1 Listening Test Transcript

Monday 10 June 2019 Morning Time allowed: 45 minutes approximately (including 5 minutes' reading time before the test)

**FOR INVIGILATOR'S USE ONLY**

- **The pauses are pre-recorded for this test.**

This is what you should do for each item.
- After the question number is announced, there will be a pause to allow you to read the instructions and questions.
- Listen carefully to the recording and read the questions again.
- Listen to the recording again and then answer the questions.
- When the next question is about to start you will hear a bleep like this (*).
- You may write at any time during the test.
- In **Section A**, answer the questions in **English**. In **Section B**, answer the questions in **Panjabi**.
- You must answer **all** the questions in the spaces provided. Do not write outside the box around each page or on blank pages.
- Write neatly and put down **all** the information you are asked to give.
- Ask any questions now. **You must not ask questions or interrupt during the test*.**
- You now have five minutes to read through the question paper. You may make notes during this time. You may open your answer book now.
- **The test starts now.**

Once the recording has started, the Invigilator must not pause it **at any time** as all pauses, including the five minutes' reading time, are pre-recorded.

*If candidates ask any questions at this point, the Invigilator should pause the recording until the questions have been answered. The recording should then be restarted.

## Section A

Questions and answers in **English**.

**0 1** **F1** ਬਲਜੋਤ ਜੀ, ਇਹ ਦੱਸੋ ਕਿ ਤੁਸੀਂ ਇੰਟਰਨੈੱਟ ਨੂੰ ਸਕੂਲ ਦੇ ਕੰਮ ਲਈ ਵਰਤਣਾ ਕਿਉਂ ਚੰਗਾ ਨਹੀਂ ਸਮਝਦੇ ?

**M1** ਗੁਰਲੀਨ ਜੀ, ਜਿਹੜੇ ਵਿਦਿਆਰਥੀ ਵਿਦੇਸ਼ੀ ਭਾਸ਼ਾਵਾਂ ਸਿੱਖਦੇ ਹਨ ਉਹ ਔਨਲਾਈਨ ਡਿਕਸ਼ਨਰੀ ਵਰਤਦੇ ਹਨ ਪਰ ਜ਼ਿਆਦਾਤਰ ਸ਼ਬਦ ਗਲਤ ਚੁਣ ਲੈਂਦੇ ਹਨ। ਦੂਜੀ ਗੱਲ,ਜਿਹੜੀਆਂ ਵੈਬਸਾਈਟਾਂ ਸਾਰਾ ਕੁਝ ਟਰਾਂਸਲੇਟ ਕਰ ਦਿੰਦੀਆਂ ਹਨ ਉਨ੍ਹਾਂ ਤੋਂ ਵਿਦਿਆਰਥੀ ਕੁਝ ਸਿੱਖੇ ਬਗੈਰ ਹੀ ਨਕਲ ਮਾਰ ਲੈਂਦੇ ਹਨ।

**0 2** **M1** ਗੁਰਲੀਨ ਜੀ, ਤੁਹਾਡੇ ਇੰਟਰਨੈੱਟ ਨੂੰ ਸਕੂਲ ਵਿੱਚ ਵਰਤਣ ਬਾਰੇ ਕੀ ਵਿਚਾਰ ਹਨ ?

**F1** ਬਲਜੋਤ ਜੀ, ਮੈਂ ਤਾਂ ਇਹ ਸਮਝਦੀ ਹਾਂ ਕਿ ਸਕੂਲ ਵਿੱਚ ਇੰਟਰਨੈੱਟ ਵਰਤਣਾ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਬਹੁਤ ਹੀ ਫਾਇਦੇਮੰਦ ਹੈ ਕਿਉਂਕਿ ਅਧਿਆਪਕ ਵਿਦਿਆਰਥੀਆਂ ਨੂੰ ਕਲਾਸਰੂਮ ਵਿੱਚ ਮੌਜੂਦਾ ਘਟਨਾਵਾਂ ਬਾਰੇ ਯੂ ਟਿਊਬ ਵਰਤ ਕੇ ਬਹੁਤ ਸਾਰੇ ਵਿਸ਼ਿਆਂ ਤੇ ਬਹੁਤ ਹੀ ਵਧੀਆ ਤਰੀਕੇ ਨਾਲ ਪੜ੍ਹਾ ਸਕਦੇ ਹਨ।

**0 3** **M1** ਜਦੋਂ ਮੈਂ ਛੁੱਟੀਆਂ ਤੇ ਜਾਂਦਾ ਹਾਂ ਮੈਨੂੰ ਕੈਮਰਾ ਲੈ ਕੇ ਜਾਣ ਦੀ ਲੋੜ ਨਹੀਂ ਕਿਉਂਕਿ ਮੈਂ ਮੋਬਾਇਲ ਫੋਨ ਵਰਤ ਸਕਦਾ ਹਾਂ।

**0 4** **F1** ਮੈਂ ਮੋਬਾਇਲ ਫੋਨ ਦੀ ਇਹ ਗੱਲ ਬਹੁਤ ਪਸੰਦ ਕਰਦੀ ਹਾਂ ਕਿ ਜਦੋਂ ਤੁਸੀਂ ਕਿਸੇ ਨਾਲ ਗੱਲ ਕਰਦੇ ਹੋ ਤਾਂ ਉਸ ਨੂੰ ਦੇਖ ਵੀ ਸਕਦੇ ਹੋ।

**0 5** **M2** ਮੋਬਾਇਲ ਫੋਨ ਮੇਰੀ ਜ਼ਿੰਦਗੀ ਦਾ ਬਹੁਤ ਜ਼ਰੂਰੀ ਹਿੱਸਾ ਬਣ ਗਿਆ ਹੈ ਕਿਉਂਕਿ ਇਸ ਤੋਂ ਮੈਨੂੰ ਇਹ ਪਤਾ ਲੱਗ ਜਾਂਦਾ ਹੈ ਕਿ ਘਰੋਂ ਜਾਣ ਵੇਲੇ ਛਤਰੀ ਨਾਲ ਲੈ ਕੇ ਜਾਣੀ ਚਾਹੀਦੀ ਹੈ ਕਿ ਨਹੀਂ।

**0 6** **F2** ਮੋਬਾਇਲ ਫੋਨ ਨਵੀਆਂ ਥਾਂਵਾਂ ਦੇ ਰਸਤੇ ਲੱਭਣ ਲਈ ਬਹੁਤ ਲਾਭਦਾਇਕ ਹੈ।

**0 7** **M1** ਮੈਂ ਮੋਬਾਇਲ ਫੋਨ ਤੋਂ ਬਗੈਰ ਨਹੀਂ ਰਹਿ ਸਕਦਾ ਕਿਉਂਕਿ ਮੈਂ ਫੋਨ ਨਵੇਂ ਨਵੇਂ ਗਾਣੇ ਸੁਣਨ ਅਤੇ ਖਰੀਦਾਰੀ ਕਰਨ ਵਾਸਤੇ ਵਰਤਦਾ ਹਾਂ।

**0 8** **M1** ਪਿਛਲੇ ਸਾਲ ਮੈਂ ਪੰਜਾਬ ਗਿਆ ਸੀ ਤਾਂ ਦੇਖ ਕੇ ਮਨ ਨੂੰ ਚੰਗਾ ਲੱਗਾ ਕਿ ਉੱਥੇ ਕਿੰਨੀ ਤਰੱਕੀ ਹੋ ਚੁੱਕੀ ਹੈ। ਵੱਡੇ ਵੱਡੇ ਸ਼ੌਪਿੰਗ ਮਾਲ ਬਣ ਗਏ ਹਨ ਜਿੱਥੋਂ ਹਰ ਚੀਜ਼ ਖਰੀਦੀ ਜਾ ਸਕਦੀ ਹੈ। ਲੋਕ ਬਹੁਤ ਖੁਸ਼ਹਾਲ ਹਨ ਅਤੇ ਲਗਭਗ ਹਰ ਘਰ ਵਿੱਚ ਇੱਕ ਕਾਰ ਹੈ। ਖਾਣ ਪੀਣ ਦੀਆਂ ਚੀਜ਼ਾਂ ਬਹੁਤ ਸੁਆਦ ਸਨ। ਮੈਨੂੰ ਮੌਸਮ ਚੰਗਾ ਲੱਗਾ ਕਿਉਂਕਿ ਉੱਥੇ ਗਰਮੀ ਸੀ। ਪਰ ਟਰੈਫਿਕ ਦਾ ਰੌਲਾ-ਰੱਪਾ, ਧੂੰਆਂ ਅਤੇ ਕੂੜੇ - ਕਰਕਟ ਦਾ ਪ੍ਰਦੂਸ਼ਣ ਦੇਖ ਕੇ ਮੈਂ ਜਲਦੀ ਇੰਗਲੈਂਡ ਵਾਪਸ ਆਉਣ ਲਈ ਮਨ ਬਣਾ ਲਿਆ।

**Example: M2** ਪਾਣੀ ਦੀ ਬੱਚਤ ਕਰਨ ਲਈ ਦੰਦਾਂ ਨੂੰ ਬੁਰਸ਼ ਕਰਨ ਵੇਲੇ ਨਲਕਾ ਬੰਦ ਰੱਖੋ।

**0 9** **M1** ਆਪਣੇ ਘਰਾਂ ਵਿੱਚ ਗੈਸ ਦੀ ਬੱਚਤ ਕਰਨ ਲਈ ਦੋਹਰੇ ਸ਼ੀਸ਼ਿਆਂ ਵਾਲੀਆਂ ਖਿੜਕੀਆਂ ਅਤੇ ਦਰਵਾਜੇ ਲਗਵਾਉ।

**1 0** **F2** ਘਰਾਂ ਵਿੱਚ ਖਾਣਾ ਬਣਾਉਣ ਵੇਲੇ ਪਤੀਲਿਆਂ ਤੇ ਢੱਕਣ ਦੇ ਕੇ ਖਾਣਾ ਪਕਾਉ, ਇਸ ਨਾਲ ਖਾਣਾ ਜਲਦੀ ਪੱਕ ਜਾਂਦਾ ਹੈ।

**1 1** **M2** ਬਿਜਲੀ ਨਾਲ ਚੱਲਣ ਵਾਲੀਆਂ ਚੀਜ਼ਾਂ ਸਵਿੱਚ ਤੋਂ ਪੂਰੀ ਤਰ੍ਹਾਂ ਨਾ ਬੰਦ ਕਰਨ ਨਾਲ ਬਿਜਲੀ ਫਿਰ ਵੀ ਖਰਚ ਹੁੰਦੀ ਰਹਿੰਦੀ ਹੈ।

**1 2** **M1** ਮੈਂ ਇੱਕ ਕੰਪਨੀ ਲਈ ਕੰਮ ਕਰਦਾ ਹਾਂ, ਜਿਹੜੀ ਵਿਹਲੇ ਨੌਜਵਾਨਾਂ ਦੀ ਨੌਕਰੀ ਲੱਭਣ ਵਿੱਚ ਸਹਾਇਤਾ ਕਰਦੀ ਹੈ।

**1 3** **F2** ਮੈਂ ਇੱਕ ਅਜਿਹੀ ਸੰਸਥਾ ਵਿੱਚ ਕੰਮ ਕਰਦੀ ਹਾਂ, ਜਿਹੜੀ ਇਸ ਗੱਲ ਲਈ ਮਦਦ ਕਰਦੀ ਹੈ ਕਿ ਆਦਮੀਆਂ ਅਤੇ ਔਰਤਾਂ ਨੂੰ ਇੱਕੋ ਤਰ੍ਹਾਂ ਦੇ ਕੰਮ ਲਈ ਇੱਕੋ ਜਿਹੇ ਪੈਸੇ ਮਿਲਣ।

**1 4** **M2** ਮੈਂ ਇੱਕ ਚੈਰਿਟੀ ਲਈ ਕੰਮ ਕਰਦਾ ਹਾਂ ਜੋ ਉਨ੍ਹਾਂ ਲੋਕਾਂ ਲਈ ਘਰਾਂ ਦਾ ਪ੍ਰਬੰਧ ਕਰਦੀ ਹੈ ਜਿਨ੍ਹਾਂ ਕੋਲ ਰਹਿਣ ਲਈ ਕੋਈ ਥਾਂ ਨਹੀਂ।

**1 5** **M1** ਅੱਜ ਸਾਡੇ ਰੇਡਿਉ ਸਟੇਸ਼ਨ ਵਿੱਚ ਡਾਕਟਰ ਸ਼ਰਨ ਕੌਰ ਜੀ ਆਏ ਹੋਏ ਹਨ। ਉਹ ਇਮਤਿਹਾਨਾਂ ਦੇ ਦੌਰਾਨ ਵਿਦਿਆਰਥੀਆਂ ਦਾ ਤਣਾਅ ਘਟਾਉਣ ਬਾਰੇ ਗੱਲਬਾਤ ਕਰਨਗੇ।

ਡਾਕਟਰ ਸ਼ਰਨ ਜੀ ਤੁਸੀਂ ਵਿਦਿਆਰਥੀਆਂ ਨੂੰ ਇਮਤਿਹਾਨਾਂ ਦੌਰਾਨ ਤਣਾਅ ਘੱਟ ਕਰਨ ਲਈ ਕੀ ਸੁਝਾਅ ਦਿਉਗੇ?

**F1** ਸਭ ਤੋਂ ਪਹਿਲਾਂ ਤਾਂ ਵਿਦਿਆਰਥੀਆਂ ਨੂੰ ਜਦੋਂ ਵੀ ਸਮਾਂ ਮਿਲੇ ਤਾਜ਼ੀ ਹਵਾ ਵਿੱਚ ਸੈਰ ਕਰਨੀ ਚਾਹੀਦੀ ਹੈ ਇਸ ਨਾਲ ਉਨ੍ਹਾਂ ਨੂੰ ਸੋਚਣ ਦਾ ਮੌਕਾ ਮਿਲੇਗਾ।

**1 6** **F1** ਜੇ ਤਣਾਅ ਕਰਕੇ ਨੀਂਦ ਨਾ ਆਉਂਦੀ ਹੋਵੇ ਤਾਂ ਸੌਣ ਵੇਲੇ ਸੰਗੀਤ ਸੁਣਨ ਨਾਲ ਦਿਮਾਗ ਨੂੰ ਆਰਾਮ ਮਿਲੇਗਾ।

**1 7** **F1** ਖਾਸ ਕਰਕੇ ਇਮਤਿਹਾਨਾਂ ਦੌਰਾਨ ਵਿਦਿਆਰਥੀਆਂ ਨੂੰ ਸੰਤੁਲਿਤ ਭੋਜਨ ਖਾਣਾ ਚਾਹੀਦਾ ਹੈ ਕਿਉਂਕਿ ਚੰਗੀ ਅਤੇ ਸਹੀ ਖੁਰਾਕ ਸਰੀਰ ਨੂੰ ਤੰਦਰੁਸਤ ਰੱਖੇਗੀ ਅਤੇ ਦਿਮਾਗੀ ਥਕਾਵਟ ਵੀ ਘੱਟ ਮਹਿਸੂਸ ਹੋਵੇਗੀ।

**1 8** **F1** ਮਨਪ੍ਰੀਤ, ਤੁਹਾਡੇ ਇਲਾਕੇ ਵਿੱਚ ਦੇਖਣ ਵਾਲੀਆਂ ਕਿਹੜੀਆਂ ਥਾਂਵਾਂ ਹਨ?

**M1** ਅਵਨੀਤ, ਮੇਰਾ ਇਲਾਕਾ ਬਹੁਤ ਹੀ ਸੁਹਣਾ ਹੈ ਅਤੇ ਇੱਥੇ ਇੱਕ ਨੈਸ਼ਨਲ ਪਾਰਕ ਹੈ ਜਿੱਥੇ ਜਾ ਕੇ ਤੁਸੀਂ ਕੁਦਰਤੀ ਨਜ਼ਾਰਿਆਂ ਦਾ ਆਨੰਦ ਮਾਣ ਸਕਦੇ ਹੋ। ਰਸਤੇ ਇੰਨੇ ਸੁਹਣੇ ਅਤੇ ਲੰਬੇ ਹਨ ਕਿ ਤੁਰਦੇ ਤੁਰਦੇ ਬਹੁਤ ਸਮਾਂ ਲੱਗ ਜਾਂਦਾ ਹੈ। ਪਰ ਇਸ ਪਾਰਕ ਨੂੰ ਦੇਖਣ ਲਈ ਇੰਨਾ ਤੁਰਨਾ ਪੈਂਦਾ ਹੈ ਕਿ ਇਨਸਾਨ ਥੱਕ ਜਾਂਦਾ ਹੈ ਅਤੇ ਛੁੱਟੀ ਦਾ ਮਜ਼ਾ ਹੀ ਨਹੀਂ ਰਹਿੰਦਾ।

**1 9** **M1** ਅਵਨੀਤ, ਤੁਹਾਡੇ ਇਲਾਕੇ ਵਿੱਚ ਸੈਲਾਨੀਆਂ ਦੇ ਦੇਖਣ ਲਈ ਕੀ ਹੈ ?

**F1** ਮਨਪ੍ਰੀਤ, ਮੇਰੇ ਘਰ ਤੋਂ ਥੋੜ੍ਹੀ ਹੀ ਦੂਰ ਸਮੁੰਦਰ ਦਾ ਕਿਨਾਰਾ ਹੈ। ਰੇਤ ਇੰਨੀ ਸਾਫ ਹੈ ਕਿ ਤੁਸੀਂ ਇਸ ਉੱਪਰ ਨੰਗੇ ਪੈਰੀਂ ਦੌੜ ਸਕਦੇ ਹੋ ਅਤੇ ਫੁਟਬਾਲ ਖੇਡ ਸਕਦੇ ਹੋ। ਕੁਝ ਲੋਕ ਕਹਿੰਦੇ ਹਨ ਸਮੁੰਦਰ ਦੇ ਕੰਢੇ ਤੇ ਬਹੁਤ ਗੰਦ ਹੈ ਪਰ ਮੈਂ ਇਸ ਗੱਲ ਨਾਲ ਸਹਿਮਤ ਨਹੀਂ ਹਾਂ।

**2 0** **F1** ਬਲੌਗ ਪੜ੍ਹਨ ਬਾਰੇ ਤੁਹਾਡੇ ਕੀ ਵਿਚਾਰ ਹਨ, ਰਾਜ ?

**M2** ਕੁਝ ਲੋਕ ਜਿਹੜੇ ਸਮਾਜਿਕ ਮਸਲਿਆਂ ਬਾਰੇ ਬਲੌਗ ਲਿਖਦੇ ਹਨ, ਉਹ ਮਹੱਤਵਪੂਰਨ ਵਿਸ਼ਿਆਂ ਤੇ ਆਪਣੇ ਅਨਮੋਲ ਵਿਚਾਰ ਲਿਖਦੇ ਹਨ। ਮੇਰੇ ਵਿਚਾਰ ਵਿੱਚ ਇਹ ਨੌਜਵਾਨਾਂ ਨਾਲ ਗੱਲਬਾਤ ਕਰਨ ਦਾ ਬਹੁਤ ਪ੍ਰਭਾਵਸ਼ਾਲੀ ਢੰਗ ਹੈ। ਕਈ ਮਸ਼ਹੂਰ ਲੋਕ ਇਸ ਤਰ੍ਹਾਂ ਦੇ ਬਲੌਗ ਲਿਖਦੇ ਹਨ ਕਿ ਜਿਨ੍ਹਾਂ ਨੂੰ ਪੜ੍ਹਨ ਦਾ ਫਾਇਦਾ ਘੱਟ ਹੀ ਹੁੰਦਾ ਹੈ ਕਿਉਂਕਿ ਉਸ ਵਿੱਚ ਬੇਅਰਥ ਗੱਲਾਂ ਹੁੰਦੀਆਂ ਹਨ।

**2 1** **M2** ਬਲੌਗ ਪੜ੍ਹਨ ਬਾਰੇ ਤੁਹਾਡੀ ਕੀ ਰਾਏ ਹੈ, ਰੀਨਾ ?

**F1** ਬਲੌਗ ਪੜ੍ਹ ਕੇ ਮੈਂ ਬਹੁਤ ਹੱਸਦੀ ਹਾਂ ਅਤੇ ਮੈਨੂੰ ਬੜਾ ਮਜ਼ਾ ਆਉਂਦਾ ਹੈ, ਮੈਂ ਆਪਣਾ ਜ਼ਿਆਦਾ ਸਮਾਂ ਆਪਣੇ ਮਨਪਸੰਦ ਬਲੌਗ ਪੜ੍ਹਨ ਵਿੱਚ ਬਿਤਾਉਂਦੀ ਹਾਂ। ਇਹਨਾਂ ਨੂੰ ਪੜ੍ਹਨ ਦਾ ਕੋਈ ਨੁਕਸਾਨ ਵੀ ਨਹੀਂ ਹੈ ਅਤੇ ਕਈ ਵਾਰੀ ਕਾਫੀ ਕੁਝ ਸਿੱਖਣ ਲਈ ਮਿਲ ਜਾਂਦਾ ਹੈ।

**2 2** **F1** ਅਰਮਾਨ, ਨਵੀਆਂ ਪੰਜਾਬੀ ਫਿਲਮਾਂ ਬਾਰੇ ਤੁਹਾਡੇ ਕੀ ਵਿਚਾਰ ਹਨ ?

**M1** ਮੈਨੂੰ ਨਵੀਆਂ ਪੰਜਾਬੀ ਫਿਲਮਾਂ ਬਹੁਤ ਦਿਲਚਸਪ ਲਗਦੀਆਂ ਹਨ ਜਦੋਂ ਵੀ ਕੋਈ ਨਵੀਂ ਫਿਲਮ ਸਿਨਮੇ ਵਿੱਚ ਲਗਦੀ ਹੈ, ਅਸੀਂ ਹਮੇਸ਼ਾ ਸਾਰਾ ਪਰਿਵਾਰ ਦੇਖਣ ਜਾਂਦੇ ਹਾਂ। ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਜੇ ਅਸੀਂ ਆਪਣੀ ਬੋਲੀ ਅਤੇ ਵਿਰਸੇ ਨੂੰ ਆਉਣ ਵਾਲੀਆਂ ਪੀੜ੍ਹੀਆਂ ਵਿੱਚ ਜਿਉਂਦਾ ਰੱਖਣਾ ਚਾਹੁੰਦੇ ਹਾਂ ਤਾਂ ਸਾਨੂੰ ਬੱਚਿਆਂ ਨੂੰ ਪੰਜਾਬੀ ਫਿਲਮਾਂ ਦੇਖਣ ਬਾਰੇ ਉਤਸ਼ਾਹਿਤ ਕਰਨਾ ਚਾਹੀਦਾ ਹੈ।

**M1** ਕਿਮਰਨ, ਤੁਸੀਂ ਨਵੀਆਂ ਪੰਜਾਬੀ ਫਿਲਮਾਂ ਬਾਰੇ ਕੀ ਸੋਚਦੇ ਹੋ ?

**F1** ਪਹਿਲਾਂ ਸਾਰੀਆਂ ਪੰਜਾਬੀ ਫਿਲਮਾਂ ਦੀ ਕਹਾਣੀ ਇੱਕੋ ਜਿਹੀ ਹੁੰਦੀ ਸੀ ਪਰ ਮੈਨੂੰ ਹੁਣੇ ਜਿਹੇ ਕੁਝ ਨਵੀਆਂ ਪੰਜਾਬੀ ਫਿਲਮਾਂ ਦੇਖ ਕੇ ਬਹੁਤ ਖੁਸ਼ੀ ਹੋਈ ਕਿਉਂਕਿ ਇਹਨਾਂ ਵਿੱਚ ਪੰਜਾਬੀਆਂ ਦੇ ਸਮਾਜਿਕ ਮਸਲੇ ਬਹੁਤ ਹੀ ਚੰਗੇ ਢੰਗ ਨਾਲ ਪੇਸ਼ ਕੀਤੇ ਗਏ ਹਨ।

**Example:** **F1** ਮੇਰਾ ਨਾਂ ਕੀਰਤ ਹੈ। ਸੋਲਰ ਪੈਨਲ ਲਗਵਾਉਣੇ ਵਾਤਾਵਰਣ ਲਈ ਬਹੁਤ ਚੰਗੇ ਹਨ ਪਰ ਸਾਫ ਕਰਨ ਦੀ ਬਹੁਤ ਸਮੱਸਿਆ ਹੈ।

**2 3** **F2** ਮੇਰਾ ਨਾਂ ਰਮਨੀਕ ਹੈ। ਅਸੀਂ ਆਪਣੀ ਛੱਤ ਤੇ ਸੂਰਜ ਤੋਂ ਊਰਜਾ ਪੈਦਾ ਕਰਨ ਵਾਲੇ ਪੈਨਲ ਲਗਵਾਏ ਹਨ ਤਾਂ ਕਿ ਬਿਜਲੀ ਦਾ ਖਰਚ ਘਟਾ ਸਕੀਏ ਪਰ ਸਾਡੇ ਗੁਆਂਢੀ ਕਹਿੰਦੇ ਹਨ ਕਿ ਇਹ ਬਹੁਤ ਭੈੜੇ ਦਿਖਾਈ ਦਿੰਦੇ ਹਨ। ਮੈਨੂੰ ਵੀ ਲਗਦਾ ਹੈ ਕਿ ਉਹ ਠੀਕ ਹੀ ਕਹਿੰਦੇ ਹਨ।

**M2** ਮੇਰਾ ਨਾਂ ਅਮਰ ਹੈ। ਸਾਨੂੰ ਦੇਸ਼ ਦੇ ਉੱਤਰ ਵਿੱਚ ਰਹਿਣ ਦਾ ਫਾਇਦਾ ਇਹ ਹੈ ਕਿ ਇੱਥੇ ਧੁੱਪ ਬਹੁਤ ਹੁੰਦੀ ਹੈ ਜਿਸ ਕਰਕੇ ਅਸੀਂ ਸੋਲਰ ਪੈਨਲ ਲਗਵਾਉਣ ਬਾਰੇ ਸੋਚ ਰਹੇ ਹਾਂ ਪਰ ਜਿੰਨੇ ਪੈਸੇ ਅਸੀਂ ਸੋਲਰ ਪੈਨਲ ਲਗਵਾਉਣ ਲਈ ਖਰਚਾਂਗੇ ਇੰਨੇ ਪੈਸੇ ਬਚਾਉਣ ਲਈ ਸਾਨੂੰ ਅਗਲੇ ਦਸ ਸਾਲ ਲਗ ਜਾਣਗੇ।

**2 4** **F1** ਮੈਨੂੰ ਆਪਣੇ ਜੀਵਨ-ਸਾਥੀ ਦੇ ਅਮੀਰ ਜਾਂ ਮਸ਼ਹੂਰ ਹੋਣ ਨਾਲ ਕੋਈ ਫਰਕ ਨਹੀਂ ਪੈਂਦਾ ਪਰ ਸੁਭਾਅ ਹੱਸਮੁਖ ਹੋਣਾ ਚਾਹੀਦਾ ਹੈ। ਜਿਸ ਨਾਲ ਮੈਂ ਖੁਸ਼ ਰਹਿ ਸਕਾਂਗੀ।

**M1** ਜੀਵਨ-ਸਾਥੀ ਦੀ ਸੁੰਦਰਤਾ ਮੇਰੇ ਲਈ ਇੰਨੀ ਜ਼ਰੂਰੀ ਨਹੀਂ ਹੈ ਜਿੰਨਾਂ ਕਿ ਆਪਸ ਵਿੱਚ ਵਿਚਾਰਾਂ ਦਾ ਮਿਲਣਾ ਇਸ ਤਰ੍ਹਾਂ ਮੈਂ ਉਸ ਨਾਲ ਖੁੱਲ੍ਹ ਕੇ ਗੱਲ ਕਰ ਸਕਾਂਗਾ।

**F2** ਮੈਨੂੰ ਇਸ ਤਰ੍ਹਾਂ ਦਾ ਜੀਵਨ-ਸਾਥੀ ਪਸੰਦ ਹੈ ਜਿਹੜਾ ਕਿ ਘਰ ਦੇ ਕੰਮਾਂ ਦੀਆਂ ਜ਼ਿੰਮੇਵਾਰੀਆਂ ਮਿਲਕੇ ਨਿਭਾਏ ਨਾ ਕਿ ਘਰ ਦੇ ਕੰਮ ਕਰਨ ਤੋਂ ਦੂਰ ਭੱਜੇ।

**2 5** **F1** ਮੈਂ ਦਿਲਪ੍ਰੀਤ ਹਾਂ, ਹੁਣ ਮੈਂ ਪਿੰਡ ਦੇ ਕਬੱਡੀ ਦੇ ਕਲੱਬ ਦੇ ਪ੍ਰਧਾਨ ਮਿਸਟਰ ਚਾਨਾ ਨਾਲ ਨਵੇਂ ਪ੍ਰੋਜੈਕਟ ਬਾਰੇ ਗੱਲ ਕਰਾਂਗੀ। ਮਿਸਟਰ ਚਾਨਾ, ਸਾਡਾ ਇੰਟਰਨੈਸ਼ਨਲ ਕਬੱਡੀ ਕਲੱਬ ਇਸ ਖੇਡ ਦੇ ਵਿਕਾਸ ਲਈ ਪ੍ਰਬੰਧਕਾਂ ਦੀ ਕਿਵੇਂ ਮਦਦ ਕਰ ਸਕਦਾ ਹੈ?

**M1** ਦਿਲਪ੍ਰੀਤ ਜੀ, ਸਭ ਤੋਂ ਪਹਿਲੀ ਲੋੜ ਹੈ ਕਿ ਖੇਡ ਦੇ ਮੈਦਾਨ ਵਿੱਚ ਸਾਰੀਆਂ ਸਹੂਲਤਾਂ ਪ੍ਰਦਾਨ ਕਰਕੇ ਉਸ ਦੀ ਹਾਲਤ ਸੁਧਾਰੀ ਜਾਵੇ। ਫਿਰ ਜ਼ਰੂਰਤ ਹੈ ਚੰਗੇ ਖਿਡਾਰੀਆਂ ਦਾ ਹੌਸਲਾ ਵਧਾਉਣ ਦੀ। ਇਹ ਚੰਗੇ ਖਿਡਾਰੀਆਂ ਦੀ ਮਾਲੀ ਸਹਾਇਤਾ ਕਰਕੇ ਹੀ ਕੀਤਾ ਜਾ ਸਕਦਾ ਹੈ। ਇਸ ਨਾਲ ਪਿੰਡ ਦੀ ਕਬੱਡੀ ਦੀ ਖੇਡ ਦਾ ਵਿਕਾਸ ਹੋਵੇਗਾ ਅਤੇ ਨੌਜਵਾਨ ਨਸ਼ਿਆਂ ਤੋਂ ਵੀ ਦੂਰ ਰਹਿਣਗੇ।

**2 6** **F1** ਅੱਜ ਕੱਲ੍ਹ ਇੰਟਰਨੈੱਟ ਤੇ ਦੁਕਾਨਾਂ ਨਾਲੋਂ ਜ਼ਿਆਦਾ ਕਿਸਮ ਦੇ ਵਧੀਆ ਕੱਪੜੇ ਮਿਲ ਜਾਂਦੇ ਹਨ। ਪਿਛਲੇ ਹਫਤੇ ਮੈਂ ਇੰਟਰਨੈਟ ਤੇ ਕੁਝ ਕੱਪੜੇ ਆਰਡਰ ਕੀਤੇ। ਮਜ਼ੇ ਦੀ ਗੱਲ ਇਹ ਹੋਈ ਕਿ ਅਗਲੇ ਹੀ ਦਿਨ ਆ ਗਏ ਜੋ ਮੈਨੂੰ ਬਹੁਤ ਚੰਗਾ ਲੱਗਾ।

**2 7** **M1** ਅੱਜ ਕੱਲ੍ਹ ਔਨਲਾਈਨ ਸਟੋਰਾਂ ਤੋਂ ਕੱਪੜੇ ਕਾਫੀ ਘੱਟ ਕੀਮਤ ਤੇ ਮਿਲ ਜਾਂਦੇ ਹਨ। ਮੈਂ ਆਪਣੀ ਨੌਕਰੀ ਅਤੇ ਘਰ ਦੇ ਕੰਮਾਂ ਤੋਂ ਸਮਾਂ ਨਾ ਮਿਲਣ ਕਰਕੇ ਆਪਣੀ ਸਾਰੀ ਖਰੀਦਾਰੀ ਘਰੋਂ ਹੀ ਆਰਾਮ ਨਾਲ ਇੰਟਰਨੈੱਟ ਤੇ ਕਰ ਲੈਂਦਾ ਹਾਂ।

**Turn over for Section B**

## Section B

Questions and answers in **Panjabi**.

**2 8** **M2** ਸੁਰਜੀਤ ਬਹੁਤ ਮਸ਼ਹੂਰ ਗਾਇਕ ਹੈ। ਉਸ ਦੀ ਆਵਾਜ਼ ਬਹੁਤ ਮਿੱਠੀ ਅਤੇ ਗਾਣਿਆਂ ਵਿੱਚ ਮਨੋਰੰਜਨ ਤੋਂ ਇਲਾਵਾ ਬਹੁਤ ਕੁਝ ਸਿੱਖਣ ਲਈ ਮਿਲਦਾ ਹੈ ਜਿਵੇਂ ਕਿ ਪੰਜਾਬੀ ਰਹਿਣ ਸਹਿਣ ਅਤੇ ਪੰਜਾਬੀ ਬੋਲੀ ਬਾਰੇ ਜਾਣਕਾਰੀ। ਬੱਚੇ ਅਤੇ ਵੱਡੇ ਸਾਰਿਆਂ ਨੂੰ ਹੀ ਸੁਰਜੀਤ ਦੇ ਗੀਤ ਬਹੁਤ ਚੰਗੇ ਲਗਦੇ ਹਨ ਕਿਉਂਕਿ ਉਹ ਆਪਣੇ ਗੀਤਾਂ ਰਾਹੀਂ ਨਸ਼ਿਆਂ ਵਰਗੀਆਂ ਮੁਸ਼ਕਲਾਂ ਨੂੰ ਲੋਕਾਂ ਸਾਹਮਣੇ ਪੇਸ਼ ਕਰਨ ਤੋਂ ਡਰਦਾ ਨਹੀਂ ਹੈ।

**2 9** **M1** ਬਲਜੀਤ, ਤੁਹਾਡੇ ਕੀ ਸ਼ੌਕ ਹਨ?

**F1** ਮੈਂ ਆਪਣੇ ਵਿਹਲੇ ਸਮੇਂ ਵਿੱਚ ਕਿਤਾਬਾਂ ਪੜ੍ਹਨਾ ਪਸੰਦ ਕਰਦੀ ਹਾਂ।

**3 0** **M1** ਦੂਜਿਆਂ ਦੇ ਮੁਕਾਬਲੇ ਤੁਹਾਡੇ ਵਿੱਚ ਕਿਹੜੀ ਖਾਸ ਯੋਗਤਾ ਹੈ ਜਿਸ ਕਰਕੇ ਅਸੀਂ ਤੁਹਾਨੂੰ ਇਸ ਨੌਕਰੀ ਲਈ ਚੁਣੀਏ?

**F1** ਮੈਨੂੰ ਪੰਜਾਬੀ ਬੋਲਣੀ, ਪੜ੍ਹਨੀ ਅਤੇ ਲਿਖਣੀ ਆਉਂਦੀ ਹੈ ਅਤੇ ਮੈਂ ਗਾਹਕਾਂ ਨਾਲ ਬਹੁਤ ਜਲਦੀ ਦੋਸਤਾਨਾ ਸਬੰਧ ਬਣਾ ਸਕਦੀ ਹਾਂ।

**3 1** **M1** ਪਿਛਲੇ ਸਾਲ ਗਰਮੀਆਂ ਦੀਆਂ ਛੁੱਟੀਆਂ ਵਿੱਚ ਮੈਂ ਸ਼ਿਮਲੇ ਗਿਆ ਸੀ। ਉੱਥੇ ਸੜਕਾਂ ਸਾਫ ਸੁਥਰੀਆਂ ਹਨ। ਉੱਥੇ ਸ਼ੌਪਿੰਗ ਕਰਨ ਲਈ ਮਾਲ ਰੋਡ ਤੇ ਇੱਕ ਬਜ਼ਾਰ ਹੈ। ਉੱਚੇ ਉੱਚੇ ਪਹਾੜ ਅਤੇ ਰਮਣੀਕ ਦ੍ਰਿਸ਼ ਦੇਖ ਕੇ ਬਹੁਤ ਮਜ਼ਾ ਆਇਆ। ਰੋਜ਼ਾਨਾ ਸ਼ਾਮ ਨੂੰ ਅਸੀਂ ਸ਼ਿਮਲੇ ਦੀਆਂ ਖ਼ੂਬਸੂਰਤ ਵਾਦੀਆਂ ਵਿੱਚ ਘੁੰਮਣ ਜਾਂਦੇ ਸੀ। ਉੱਥੋਂ ਦਾ ਸ਼ਾਂਤਮਈ ਮਾਹੌਲ ਅਤੇ ਡੁੱਬਦੇ ਸੂਰਜ ਦਾ ਨਜ਼ਾਰਾ ਦੇਖਣਯੋਗ ਹੁੰਦਾ ਸੀ।

**3 2** **M2** ਮੈਂ ਅਜੀਤ ਹਾਂ। ਮੈਂ ਸਨਿੱਚਰਵਾਰ ਨੂੰ ਇੱਕ ਦੁਕਾਨ ਵਿੱਚ ਕੰਮ ਕਰਦਾ ਹਾਂ। ਮੇਰੇ ਖਿਆਲ ਵਿੱਚ ਪੜ੍ਹਾਈ ਦੇ ਨਾਲ ਨਾਲ ਪਾਰਟ-ਟਾਈਮ ਨੌਕਰੀ ਕਰਨੀ ਚੰਗੀ ਗੱਲ ਹੈ। ਇਸ ਨਾਲ ਜੇਬ-ਖਰਚ ਲਈ ਪੈਸੇ ਮਿਲ ਜਾਂਦੇ ਹਨ ਅਤੇ ਕੰਮ ਦਾ ਤਜਰਬਾ ਵੀ ਪ੍ਰਾਪਤ ਹੁੰਦਾ ਹੈ। ਹਫਤੇ ਵਿੱਚ ਇੱਕ ਦਿਨ ਤੋਂ ਵੱਧ ਕੰਮ ਕਰਨਾ ਮੈਂ ਬਿਲਕੁਲ ਨਹੀਂ ਚਾਹੁੰਦਾ ਕਿਉਂਕਿ ਇਸ ਨਾਲ ਪੜ੍ਹਾਈ ਲਈ ਬਹੁਤ ਘੱਟ ਸਮਾਂ ਬਚਦਾ ਹੈ। ਪ੍ਰੀਖਿਆ ਦੇ ਨੇੜੇ ਜਾ ਕੇ ਮੈਂ ਕੰਮ ਕਰਨਾ ਬਿਲਕੁਲ ਪਸੰਦ ਨਹੀਂ ਕਰਦਾ।

**3 3** **F1** ਮੈਂ ਗੁਰਪ੍ਰੀਤ ਹਾਂ। ਮੇਰੇ ਖਿਆਲ ਵਿੱਚ ਪੜ੍ਹਾਈ ਕਰਨ ਦੀ ਉਮਰ ਵਿੱਚ ਨੌਕਰੀ ਕਰਨੀ ਚੰਗੀ ਗੱਲ ਨਹੀਂ ਹੈ। ਜੇ ਤੁਸੀਂ ਨੌਕਰੀ ਕਰਦੇ ਹੋ ਤਾਂ ਫਿਰ ਪੜ੍ਹਾਈ ਪੂਰਾ ਮਨ ਲਾ ਕੇ ਨਹੀਂ ਕਰ ਸਕਦੇ। ਇੱਕ ਵਾਰ ਕੰਮ ਵਿੱਚ ਪੈ ਜਾਉ ਤਾਂ ਪੈਸੇ ਕਮਾਉਣ ਦਾ ਲਾਲਚ ਹੋ ਜਾਂਦਾ ਹੈ। ਮੇਰੇ ਮਾਤਾ ਜੀ ਕਹਿੰਦੇ ਹਨ ਕਿ ਸਾਰੀ ਉਮਰ ਕੰਮ ਹੀ ਕਰਨਾ ਹੈ ਅਤੇ ਇਸ ਉਮਰ ਵਿੱਚ ਪੜ੍ਹਾਈ ਕੰਮ ਨਾਲੋਂ ਜ਼ਿਆਦਾ ਜ਼ਰੂਰੀ ਹੈ। ਮੈਨੂੰ ਏ ਲੈਵਲ ਦਾ ਕੰਮ ਇੰਨਾ ਮਿਲਦਾ ਹੈ ਕਿ ਹੋਰ ਕੁਝ ਕਰਨ ਦਾ ਵਿਹਲ ਹੀ ਨਹੀਂ ਲਗਦਾ।

**END OF TEST**

**There is no text printed on this page**

**There is no text printed on this page**

**Copyright information**

For confidentiality purposes, from the November 2015 examination series, acknowledgements of third-party copyright material are published in a separate booklet rather than including them on the examination paper or support materials. This booklet is published after each examination series and is available for free download from www.aqa.org.uk after the live examination series.

Permission to reproduce all copyright material has been applied for. In some cases, efforts to contact copyright-holders may have been unsuccessful and AQA will be happy to rectify any omissions of acknowledgements. If you have any queries please contact the Copyright Team, AQA, Stag Hill House, Guildford, GU2 7XJ.

Copyright © 2019 AQA and its licensors. All rights reserved.